Washington State
Health Care Authority

# Washington Apple Health ਪ੍ਰਸ਼ਾਸਨੀ ਸੁਣਵਾਈ ਸਬੰਧੀ ਹੱਕ ਅਤੇ ਅੰਤਮ-ਮਿਆਦਾਂ

ਜੇ ਤੁਸੀਂ ਆਪਣੀ Washington Apple Health ਕਵਰੇਜ ਰੱਦ ਕਰਨ, ਖ਼ਤਮ ਕਰਨ ਜਾਂ ਬਦਲਣ ਦੇ ਸਾਡੇ ਨਿਰਣੇ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਪ੍ਰਸ਼ਾਸਨੀ ਸੁਣਵਾਈ ਦਾ ਹੱਕ ਹੈ।

- ਸੁਣਵਾਈ ਲਈ ਬੇਨਤੀ ਕਰਨ ਸਬੰਧੀ ਸਾਡੇ ਵਲੋਂ ਤੁਹਾਨੂੰ ਭੇਜੇ ਗਏ ਨੋਟਿਸ ਦੇ ਸਭ ਤੋਂ ਉੱਪਰ ਦਿੱਤੀ ਗਈ ਤਾਰੀਖ਼ ਤੋਂ ਤੁਹਾਡੇ ਕੋਲ 90 ਦਿਨ ਹੁੰਦੇ ਹਨ। ਜੇ ਤੁਸੀਂ 90 ਦਿਨਾਂ ਦੇ ਅੰਦਰ ਸੁਣਵਾਈ ਲਈ ਬੇਨਤੀ ਨਹੀਂ ਕਰਦੇ, ਤਾਂ ਤੁਸੀਂ ਸੁਣਵਾਈ ਦਾ ਆਪਣਾ ਹੱਕ ਖੁੰਝਾ ਸਕਦੇ ਹੋ।
- ਜੇ ਤੁਸੀਂ ਸੁਣਵਾਈ ਦੇ ਅਮਲ ਦੌਰਾਨ ਆਪਣੀ ਕਵਰੇਜ ਬਣਾਈ ਰੱਖਣਾ ਚਾਹੁੰਦੇ ਹੋ, ਤਾਂ ਇਹ ਮਿਆਦ ਸਿਰਫ਼ 10 ਦਿਨ ਹੈ।
  ਹੇਠਾਂ ਪ੍ਰਸ਼ਾਸਨੀ ਸੁਣਵਾਈ ਦੇ ਅਮਲ ਦੌਰਾਨ ਕਵਰੇਜ ਜਾਰੀ ਰੱਖਣਾ ਵੇਖੋ।
- ਤੁਸੀਂ ਵਾਸ਼ਿੰਗਟਨ ਪ੍ਰਸ਼ਾਸਨੀ ਕੋਡ (WAC), ਚੈਪਟਰ 182-526 ਵਿਚ ਸੁਣਵਾਈ ਦੇ ਨੇਮਾਂ ਦਾ ਜਾਇਜ਼ਾ ਲੈ ਸਕਦੇ ਹੋ।
- ਤੁਹਾਨੂੰ ਸੁਣਵਾਈ ਦਾ ਹੱਕ ਨਹੀਂ ਮਿਲ ਸਕਦਾ, ਜੇ ਸਟੇਟ ਜਾਂ ਫ਼ੈਡਰਲ ਕਾਨੂੰਨ ਵਲੋਂ ਕੀਤੀਆਂ ਗਈਆਂ ਤਬਦੀਲੀਆਂ ਕਰਕੇ ਤੁਹਾਡੀ ਕਵਰੇਜ ਰੱਦ ਕਰ ਦਿੱਤੀ ਗਈ ਹੈ, ਖ਼ਤਮ ਹੋ ਗਈ ਹੈ ਜਾਂ ਇਸ ਵਿਚ ਤਬਦੀਲੀ ਕਰ ਦਿੱਤੀ ਗਈ ਹੈ ਅਤੇ ਇਸੀ ਤਰ੍ਹਾਂ ਇਹਨਾਂ ਤਬਦੀਲੀਆਂ ਦਾ ਪ੍ਰੋਗਰਾਮ ਵਿਚ ਸ਼ਾਮਿਲ ਸਾਰੇ ਲੋਕਾਂ 'ਤੇ ਆਪਣੇ ਆਪ ਅਸਰ ਪੈਂਦਾ ਹੈ (RCW 74.09.741(3))।

ਜੇ ਤੁਸੀਂ ਘੱਟ-ਆਮਦਨ ਵਾਲੇ ਹੋ, ਤਾਂ ਕੋਔਰਡੀਨੇਟਿਡ ਲੀਗਲ ਐਜੂਕੇਸ਼ਨ ਐਡਵਾਈਜ਼ ਅਤੇ ਰੈਫ਼ਰਲ (CLEAR) ਮੁਫ਼ਤ ਕਾਨੂੰਨੀ ਸਹਾਇਤਾ ਲੱਭਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ **http://nwjustice.org/clear-online** 'ਤੇ ਅਪਲਾਈ ਕਰ ਸਕਦੇ ਹੋ, ਜਾਂ:

- ਜੇ ਤੁਸੀਂ 60 ਸਾਲ ਤੋਂ ਘੱਟ ਉਮਰ ਦੇ ਹੋ, ਤਾਂ 1-888-201-1014 'ਤੇ CLEAR ਨੂੰ ਕਾੱਲ ਕਰੋ।
- ਜੇ ਤੁਸੀਂ 60 ਸਾਲ ਜਾਂ ਵੱਧ ਉਮਰ ਦੇ ਹੋ, ਤਾਂ 1-888-387-7111 'ਤੇ CLEAR Senior ਨੂੰ ਕਾੱਲ ਕਰੋ।

ਪ੍ਰਸ਼ਾਸਨੀ ਸੁਣਵਾਈ ਦੇ ਅਮਲ ਦੌਰਾਨ ਕਵਰੇਜ ਜਾਰੀ ਰੱਖਣਾ

- ਜੇ ਅਸੀਂ ਤੁਹਾਡੀ Washington Apple Health ਕਵਰੇਜ ਖ਼ਤਮ ਕਰਦੇ ਹਾਂ, ਤਾਂ ਤੁਸੀਂ ਸੁਣਵਾਈ ਦੇ ਅਮਲ ਦੌਰਾਨ ਆਪਣੀ ਕਵਰੇਜ ਬਣਾਈ ਰੱਖ ਸਕਦੇ ਹੋ। ਜੇ ਅਸੀਂ ਤੁਹਾਡੀ Washington Apple Health ਕਵਰੇਜ ਵਿਚ ਤਬਦੀਲੀ ਕਰਦੇ ਹਾਂ, ਤਾਂ ਸੁਣਵਾਈ ਦੇ ਅਮਲ ਦੌਰਾਨ ਤੁਸੀਂ ਕਵਰੇਜ ਦਾ ਆਪਣਾ ਪਹਿਲਾਂ ਤੋਂ ਮੰਜ਼ੂਰਸ਼ੁਦਾ ਪੱਧਰ ਬਣਾਈ ਰੱਖ ਸਕਦੇ ਹੋ।
- ਪ੍ਰਸ਼ਾਸਨੀ ਸੁਣਵਾਈ ਦੇ ਅਮਲ ਦੌਰਾਨ ਆਪਣੀ ਕਵਰੇਜ ਜਾਰੀ ਰੱਖਣ ਲਈ, ਤੁਸੀਂ ਇਹ ਨੋਟਿਸ ਮਿਲਣ ਦੇ 10 ਦਿਨਾਂ ਦੇ ਅੰਦਰ ਜਾਂ ਮਹੀਨੇ ਦੇ ਅਖ਼ੀਰ ਤੱਕ, ਜੋ ਵੀ ਬਾਅਦ ਵਿਚ ਹੈ, ਸੁਣਵਾਈ ਲਈ ਜ਼ਰੂਰ ਕਹਿ ਸਕਦੇ ਹੋ।
- ਜੇ ਤੁਹਾਨੂੰ ਕਵਰੇਜ ਲਗਾਤਾਰ ਮਿਲਦੀ ਹੈ ਅਤੇ ਤੁਸੀਂ ਸੁਣਵਾਈ ਵਿਚ ਹਾਰ ਜਾਂਦੇ ਹੋ, ਤਾਂ ਤੁਹਾਨੂੰ ਕਵਰੇਜ ਜਾਰੀ ਰਹਿਣ ਦੇ 60 ਦਿਨਾਂ ਤੱਕ ਦਾ ਭੁਗਤਾਨ ਵਾਪਸ ਕਰਨਾ ਪੈ ਸਕਦਾ ਹੈ।
- ਤੁਹਾਡੀ Washington Apple Health ਅਰਜ਼ੀ ਰੱਦ ਹੋਣ ਨੂੰ ਵੰਗਾਰਣ ਲਈ ਸੁਣਵਾਈ ਦੀ ਉਡੀਕ ਕਰਦਿਆਂ, ਤੁਹਾਨੂੰ ਕਵਰੇਜ ਨਹੀਂ ਮਿਲ ਸਕਦੀ।

ਪ੍ਰਸ਼ਾਸਨੀ ਸੁਣਵਾਈ ਲਈ ਬੇਨਤੀ ਕਰਨਾ

ਪ੍ਰਸ਼ਾਸਨੀ ਸੁਣਵਾਈ ਦੀ ਬੇਨਤੀ ਕਰਨ ਜਾਂ ਜੇ ਤੁਹਾਨੂੰ ਦੁਭਾਸ਼ੀਆ ਚਾਹੀਦਾ ਹੈ ਜਾਂ ਸੁਣਵਾਈ ਲਈ ਬੇਨਤੀ ਕਰਨ ਵਾਸਤੇ ਹੋਰ ਮਦਦ ਲਈ, ਹੇਠਾਂ ਦਿੱਤਿਆਂ ਵਿਚੋਂ ਇੱਕ ਕਰੋ:

- 1-855-WAFINDER (1-855-923-4633) ਜਾਂ 1-800-562-3022 'ਤੇ ਕਾੱਲ ਕਰੋ।
- ਸੁਣਵਾਈ ਜਾਂ ਪ੍ਰਸ਼ਾਸਨੀ ਸੁਣਵਾਈ ਬਾਰੇ ਬੇਨਤੀ ਫ਼ਾਰਮ HCA 12-511
  (ਜੋ ਕਿ **http://www.hca.wa.gov/free-or-low-cost-health-care/forms-and-publications** 'ਤੇ ਉਪਲਬਧ ਹੈ) ਭਰਨ ਲਈ ਬੇਨਤੀ ਕਰਨ ਬਾਰੇ ਚਿੱਠੀ ਲਿਖੋ ਅਤੇ

  ਇਸ ਨੰਬਰ 'ਤੇ **ਫ਼ੈਕਸ** ਕਰੋ 1-360-586-9080; ਜਾਂ
  ਇੱਥੇ ਡਾਕ ਰਾਹੀਂ ਭੇਜੋ:

  Health Care Authority
  PO Box 45504
  Olympia, WA 98504-5504

ਅਸੀਂ ਤੁਹਾਡੇ ਕੇਸ ਦਾ ਜਾਇਜ਼ਾ ਲਵਾਂਗੇ ਅਤੇ ਸੁਣਵਾਈ ਤੋਂ ਪਹਿਲਾਂ ਮਾਮਲਾ ਹੱਲ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਾਂਗੇ।